Tel: 604.596.7733
Fax: 604.596.7941
www.sd36.bc.ca

**ਜਨਵਰੀ 17, 2008**

## ਸਕੂਲ ਡਿਸਟਰਿਕਟ ਨੂੰ ਯੂਨਾਈਟਿਡ ਵੇ ਵਲੋਂ ਇਨਾਮ

School District receives United Way award

ਜਨਵਰੀ 17 ਨੂੰ ਸਕੂਲ ਡਿਸਟਰਿਕਟ ਨੂੰ ਇੱਕ ਵਡਮੁੱਲਾ ਇਨਾਮ ਕਮਿਊਨਿਟੀ ਸਕੂਲ ਪਾਰਟਨਰਸ਼ਿਪ ਦੇ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਪ੍ਰਦਾਨ ਕੀਤਾ ਗਿਆ। ਇਹ ਇਨਾਮ ਓਹਨਾਂ ਵਿਅਕਤੀਆਂ ਜਾਂ ਓਹਨਾਂ ਸੰਸਥਾਵਾਂ ਨੂੰ ਮਿਲਦਾ ਹੈ ਜੋ ਲੋੜ ਤੋਂ ਵੱਧ ਆਪਣੀਆਂ ਸੇਵਾਵਾਂ ਜਾਂ ਕਾਰਜਾਂ ਰਾਹੀਂ ਸਾਰੇ ਭਾਈਚਾਰੇ ਲਈ ਸੇਵਾ ਪ੍ਰਦਾਨ ਕਰਦੀਆਂ ਹਨ।

ਸਰ੍ਹੀ ਦੇ ਸਕੂਲ, ਸਿਟੀ ਆਫ ਸਰ੍ਹੀ ਦੀ ਸਾਂਝ ਨਾਲ, ਆਪਣੇ ਆਂਢ ਗੁਆਂਢ ਵਿੱਚ ਭਾਈਚਾਰੇ ਦੇ ਇਕੱਠੇ ਹੋਣ ਦੇ ਜ਼ਰੂਰੀ ਅੰਗ ਬਣ ਰਹੇ ਹਨ, ਇਸ ਨਵੇਂ ਕਮਿਊਨਟੀ ਸਕੂਲ ਪਾਰਟਨਰਸ਼ਿਪ ਦੇ ਨਵੇਂ ਪ੍ਰੋਗਰਾਮ ਰਾਹੀਂ।

ਸਾਰੀਆਂ ਸੇਵਾਵਾਂ ਦਾ, ਜਿਸ ਤਰਾਂ ਸਿਹਤ, ਸਮਾਜਿਕ, ਵੱਧਣ ਫੁੱਲਣ ਲਈ ਅਤੇ ਪੜ੍ਹਾਈ ਲਈ, ਇੱਕ ਥਾਂ ਹੋਣ ਵਜੋਂ ਪ੍ਰੀਵਾਰਾਂ ਨੂੰ ਸਾਰੀਆਂ ਸਹੂਲਤਾਂ ਜਲਦੀ ਮਿਲਦੀਆਂ ਹਨ ਅਤੇ ਸਾਰੇ ਭਾਈਚਾਰੇ ਲਈ ਸਹਾਇਤਾ ਮਿਲਦੀ ਹੈ। ਇਹਨਾਂ ਸੇਵਾਵਾਂ ਨਾਲ ਬੱਚਿਆਂ ਲਈ, ਪ੍ਰੀਵਾਰਾਂ ਲਈ ਅਤੇ ਹੋਰ ਭਾਈਚਾਰੇ ਲਈ ਬਹੁਤ ਮਦਦ ਮਿਲੇਗੀ।

ਇਸ ਪ੍ਰੋਗਰਾਮ ਲਈ ਯੂਨਾਈਟਡ ਵੇ ਨੇ ਪੈਸਿਆਂ ਦੀ ਅਤੇ ਵਿਅਕਤੀਗਤ ਤੌਰ ਓਪਰ ਮਦਦ ਕੀਤੀ ਹੈ। ਸਰ੍ਹੀ ਦੇ ਵੱਖ ਵੱਖ ਹਿੱਸਿਆਂ ਵਿੱਚ, ਜਿਵੇਂ ਗਿਲਡਫਰਡ, ਵਾਲੀ ਅਤੇ ਨਿਊਟਨ ਵਿੱਚ ਚਾਰ ਕਰਮਚਾਰੀ ਨਿਯੁਕਤ ਕੀਤੇ ਗਏ ਹਨ ਜਿਹਨਾਂ ਦਾ ਮੁੱਖ ਮੰਤਵ ਹੈ ਓਹਨਾਂ ਖੇਤਰਾਂ ਦੇ ਲੋਕਾਂ ਨਾਲ ਸਾਂਝ ਵਧਾਓਣ ਦੇ ਸਾਧਨ ਪੈਦਾ ਕਰਨੇ। ਇਹ ਇਨਾਮ ਸਰ੍ਹੀ ਸਕੂਲ ਦੇ ਸੁਪਰਇਨਟੈਨਡੈਂਟ, ਮਾਈਕ ਮਕੇਅ ਨੇ ਸਵੀਕਾਰਿਆ।

ਯੂਨਾਈਟਡ ਵੇ ਦੇ ਚੇਅਰਮੈਨ, ਮਾਈਕਲ ਮਕਨਾਈਟ ਨੇ ਕਿਹਾ, " ਸਾਨੂੰ ਖੋਜ ਦੇ ਅਧੀਨ ਇਹ ਜਾਣਕਾਰੀ ਮਿਲੀ ਹੈ ਕਿ ਹਰ ਰੋਜ਼ ਸਕੂਲ ਦੇ ਬੰਦ ਹੋ ਜਾਣ ਤੋਂ ਬਾਅਦ ਸਾਡੇ ਬੱਚਿਆਂ ਨੂੰ ਮਦਦ ਦੀ ਲੋੜ ਹੈ ਜਦੋਂ ਓਹ ਕਾਫੀ ਨਾਜ਼ਿਕ ਹਨ ਵੱਖ ਵੱਖ ਗਲਤ ਪ੍ਰਭਾਵਾਂ ਦੇ ਥੱਲੇ ਆਓਣ ਲਈ। ਇਸ ਪ੍ਰੋਗਰਾਮ ਰਾਹੀਂ ਜਿੰਦਗੀਆਂ ਵਿੱਚ ਤਬਦੀਲੀਆਂ ਆਓਣਗੀਆਂ, ਹੱਦਾ ਘਟਣਗੀਆਂ ਅਤੇ ਜ਼ਿਆਦਾ ਮਜ਼ਬੂਤ ਅਤੇ ਸਿਹਤਮੰਦ ਭਾਈਚਾਰੇ ਬਣਨਗੇ।"

ਇਹ ਇਨਾਮ ਵੈਸਟਨ ਬੇਸ਼ੋਰ_ਵਿੱਚ ਤਕਰੀਬਨ 1100 ਵਿਅਕਤੀਆਂ ਦੇ ਇੱਕਠ ਵਿੱਚ ਪ੍ਰਦਾਨ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਹੀ ਵਲੰਟੀਅਰਾਂ ਅਤੇ ਦਾਨ ਕਰਨ ਵਾਲਿਆਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਕੋਈ 1000 ਤੋਂ ਵੱਧ ਥਾਵਾਂ ਤੋਂ ਭਾਗ ਲੈ ਕਿ ਇਸ 2007 ਦੀ ਯੂਨਾਈਟਡ ਵੇ ਦੇ ਇਸ ਪੈਸੇ ਇੱਕਠੇ ਕਰਨ ਦੇ ਅੰਦੋਲਨ ਵਿੱਚ ਹਿੱਸਾ ਲਿਆ। ਪੈਸੇ ਇੱਕਠੇ ਕਰਨ ਦੈ ਇਸ ਅੰਦੋਲਨ ਦੀ ਆਖਰੀ ਕਾਰਵਾਈ ਸਕੋਸ਼ੀਆ ਬੈਂਕ ਅਤੇ ਯੂਨਾਈਟਡ ਵੇ ਦੇ ਕਮਿਊਨਟੀ ਸਪਿਰਟ ਅਵਾਰਡਜ਼ ਵਿੱਚ ਹੋਈ ਸੀ।